# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ) ਬਠਿੰਡਾ

ਵੱਲ:

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,

ਸਬੰਧਤ ਸਕੂਲ ਮੁਖੀ/ਪ੍ਰਿੰਸੀਪਲ,

ਜਿਲ੍ਹਾ ਬਠਿੰਡਾ।

ਪੱਤਰ ਨੰ: ਸਸਅ/2024/2024302717 ਮਿਤੀ: 26-11-2024

ਵਿਸ਼ਾ : ਭਾਰਤ ਸਰਕਾਰ ਵਲੋਂ ਸ਼ੁਰੂ ਕੀਤੀ ਗਈ **PM SHRI SCHOOL SCHEME** ਸਬੰਧੀ।

ਹਵਾਲਾ ਪੱਤਰ ਨੰ 1 : ਮੁੱਖ ਦਫਤਰ ਦੇ ਮੀਮੋ ਨੰ DySPD/Plan/2024/298874 ਦੇ ਸਬੰਧ ਵਿੱਚ।

ਹਵਾਲਾ ਪੱਤਰ ਨੰ 2: ਭਾਰਤ ਸਰਕਾਰ ਦਾ D.O. No. 1-5/2024-IS.19 Dated 18-11-2024 ਦੇ ਸਬੰਧ ਵਿੱਚ।

ਉਕਤ ਵਿਸ਼ੇ ਅਤੇ ਹਵਾਲਾ ਪੱਤਰਾਂ ਅਧੀਨ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵਲੋਂ **PM SHRI SCHOOL SCHEME** ਦਾ 5th ਫੇਸ ਸ਼ੁਰੂ ਕੀਤਾ ਹੈ। ਜਿਸ ਤਹਿਤ NEP-2020 ਲਾਗੂ ਕਰਨ ਹਿੱਤ ਹਰੇਕ ਬਲਾਕ ਦੇ 2—2 ਸਕੂਲਾਂ (elementary/Secondary/Higher secondary) ਦੀ ਚੋਣ ਕੀਤੀ ਜਾਣੀ ਹੈ। ਚੁਣੇ ਗਏ ਸਕੂਲਾਂ ਵਿੱਚ NEP-2020 ਦੇ ਸਾਰੇ parameters ਲਾਗੂ ਕੀਤੇ ਜਾਣਗੇ।

ਭਾਰਤ ਸਰਕਾਰ ਵਲੋਂ ਨਿਰਧਾਰਤ parameters ਅਨੁਸਾਰ ਜਿਲ੍ਹਾ ਬਠਿੰਡਾ ਦੇ 315 ਸਕੂਲ (ਨਾਲ ਨੱਥੀ ਲਿਸਟ ਅਨੁਸਾਰ) ਇਸ ਸਕੀਮ ਲਈ ਬੈਂਚਮਾਰਕ ਕੀਤੇ ਗਏ ਹਨ। ਭਾਰਤ ਸਰਕਾਰ ਵਲੋਂ ਹਰੇਕ ਬਲਾਕ ਦੇ 2 ਸਕੂਲਾਂ ਦੀ ਚੋਣ Challenge Mode ਰਾਹੀਂ ਕੀਤੀ ਜਾਵੇਗੀ। ਜਿਸ ਦੇ ਲਈ ਭਾਰਤ ਸਰਕਾਰ ਵਲੋਂ ਪੋਰਟਲ https://pmshrischools.education.gov.in/ ਤਿਆਰ ਕੀਤਾ ਗਿਆ ਹੈ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਕੀਮ ਲਈ ਨਾਲ ਨੱਥੀ ਲਿਸਟ ਅਨੁਸਾਰ ਸਕੂਲਾਂ ਦੇ USER ACTIVATE ਕਰ ਦਿੱਤੇ ਗਏ ਹਨ। ਸਬੰਧਤ ਸਕੂਲ ਲਾਗਇਨ ਕਰਨ ਲਈ ਪੋਰਟਲ ਤੇ ਦਿੱਤੇ ਲਿੰਕ ਤੇ ਸਕੂਲ ਮੁਖੀ/ ਪ੍ਰਿੰਸੀਪਲ ਦਾ ਮੋਬਾਇਲ ਨੰ: ਅਤੇ ਯੂਡਾਈਸ ਕੋਡ ਦਰਜ ਕਰਨਗੇ ਅਤੇ ਇਸ ਉਪਰੰਤ ਮੋਬਾਇਲ ਤੇ OTP ਪ੍ਰਾਪਤ ਹੋਣ ਤੇ ਲਾਗਇਨ ਕਰਨਗੇ ਅਤੇ ਦਿੱਤੇ ਗਏ ਪ੍ਰੋਫਾਰਮੇਂ ਨੂੰ ਭਰਨਗੇ। ਮੁੱਖ ਦਫਤਰ ਦੁਆਰਾ ਭੇਜੇ ਗਏ ਹਵਾਲਾ ਅਧੀਨ ਪੱਤਰ ਅਨੁਸਾਰ ਉਪਰੋਕਤ ਡਾਟੇ ਨੂੰ ਮਿਤੀ 28-11-2024 ਤੱਕ ਪੋਰਟਲ ਤੇ ਭਰਨਾ ਯਕੀਨੀ ਬਣਾਇਆ ਜਾਵੇ। ਪੋਰਟਲ ਤੇ ਅਪਲਾਈ ਕਰਨ ਸਮੇਂ ਜੇਕਰ ਕਿਸੇ ਸਕੂਲ ਨੂੰ ਕੋਈ ਮੁਸ਼ਕਿਲ ਆਉਂਦੀ ਹੈ ਤਾ ਆਪਣੇ ਬਲਾਕ ਦੇ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕਰ ਲਿਆ ਜਾਵੇ।

26/11/24

ਜਿਲ੍ਹਾ ਸਿੱਖਿਆ ਅਫਸਰ (ਐ.ਸਿ.)
ਬਠਿੰਡਾ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ